Punjab Government Gazette

EXTRAORDINARY

Published by Authority

CHANDIGARH, WEDNESDAY, DECEMBER 31, 2025 (PAUSA 10, 1947 SAKA)

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ

(ਮਿਉਂਸਪਲ ਚੋਣਾਂ ਸ਼ਾਖਾ)

ਅਧਿਸੂਚਨਾ

ਮਿਤੀ 31 ਦਸੰਬਰ, 2025

ਨੰਬਰ:04/49/ਹਲਕਾਬੰਦੀ(ਸ-1)/ਮਚਸ਼/2025/355.- ਅਧਿਸੂਚਨਾ ਨੰ: 04/49/ਹਲਕਾਬੰਦੀ(ਸ-1) ਮਚਸ਼/205/194 ਮਿਤੀ: 11-12-2025 ਦੀ ਨਿਰੰਤਰਤਾ ਵਿੱਚ ਪੰਜਾਬ ਮਿਉਂਸਪਲ ਐਕਟ, 1911 (ਪੰਜਾਬ ਐਕਟ 3 ਆਫ 1911) ਦੀ ਧਾਰਾ 240 (1)(ਬੀ) ਅਤੇ ਡਿਲੀਮੀਟੇਸ਼ਨ ਆਫ ਵਾਰਡਜ ਆਫ ਮਿਉਂਸਪੈਲਟੀਜ ਰੂਲਜ, 1972 ਦੇ ਰੂਲ 9 ਅਧੀਨ ਅਤੇ ਇਸ ਸਬੰਧ ਵਿਚ ਦੂਸਰੇ ਸਮੂਹ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪਰਸੰਨਤਾ ਪੂਰਵਕ ਨਗਰ ਪੰਚਾਇਤ ਖਮਾਣੋ, ਨੂੰ ਵਾਰਡਾਂ ਵਿੱਚ ਵੰਡਣ ਅਤੇ ਅਜਿਹੇ ਹਰ ਇਕ ਵਾਰਡ ਵਿਚੋਂ ਚੁਣੇ ਜਾਣ ਲਈ ਨੁਮਾਇੰਦਿਆਂ ਦੀ ਗਿਣਤੀ ਨਿਸਚਿਤ ਕਰਨ ਲਈ ਹੇਠ ਲਿਖੇ ਨਿਯਮ ਬਣਾਉਂਦੇ ਹਨ:-

ਨਿਯਮ

ਨਗਰ ਪੰਚਾਇਤ ਖਮਾਣੋ, ਜਿਲ੍ਹਾ ਫਤਿਹਗੜ੍ਹ ਸਾਹਿਬ ਦੇ ਨਗਰ ਪਾਲਾ ਦੀ ਚੋਣ ਦੇ ਮਕਸਦ ਲਈ ਨਗਰ ਪੰਚਾਇਤ ਖਮਾਣੋ, ਨੂੰ 13 ਵਾਰਡਾਂ ਵਿਚ ਵੰਡਿਆ ਜਾਵੇਗਾ ਜਿਨ੍ਹਾਂ ਪਿੱਛ 09 ਵਾਰਡ, ਜਿਨ੍ਹਾਂ ਦੇ ਪਿੱਛੇ ਬਰੈਕਟਾਂ ਅਤੇ ਸਬਦਾਂ ਵਿਚ:-

1. ਅਨੁਸੂਚਿਤ ਜਾਤੀਆ ਦੇ ਮੈਂਬਰਾ ਲਈ ਰਾਖਵਾਂ:
2. ਇਸਤਰੀ ਮੈਂਬਰਾਂ ਲਈ ਰਾਖਵਾਂ:
3. ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾ ਲਈ ਰਾਖਵਾਂ ਅਤੇ
4. ਪੱਛੜੀ ਸ੍ਰੇਣੀਆਂ ਦੇ ਮੈਂਬਰਾ ਲਈ ਰਾਖਵਾ,

ਲਿਖਿਆ ਹੋਵੇਗਾ ਕਿ ਉਹ ਵਾਰਡ ਉਨ੍ਹਾਂ ਕੈਟਾਗਰੀਆਂ ਨਾਲ ਸਬੰਧਤ ਮੈਂਬਰਾਂ ਲਈ ਰਾਖਵੇ ਹੋਣਗੇ। ਵਾਰਡਾਂ ਦੀਆਂ ਹੱਦਾਂ ਦਾ ਵਰਨਣ ਨਾਲ ਲਗਾਈ ਅਨੁਸੂਚੀ ਵਿਚ ਕੀਤਾ ਜਾਂਦਾ ਹੈ।

ਨਗਰ ਪੰਚਾਇਤ ਖਮਾਣੋਂ (ਜਿਲ੍ਹਾ ਫਤਿਹਗੜ੍ਹ ਸਾਹਿਬ) ਦੇ ਵਾਰਡਾਂ ਦੀਆਂ ਹੱਦਾਂ ਦਾ ਵਰਣਨ ਦੱਸਦੀ ਅਨੁਸੂਚੀ

ਵਾਰਡ ਨੰਬਰ 1 (ਇਸਤਰੀ ਮੈਂਬਰਾਂ ਲਈ ਰਾਖਵਾਂ)

ਨਗਰ ਪੰਚਾਇਤ ਦੀ ਉਤਰੀ ਹੱਦ ਅਤੇ ਰਜਵਾਹਾ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਰਜਵਾਹਾ ਨਾਲ ਚੱਲਦੇ ਹੋਏ ਲੁਧਿਆਣਾ ਚੰਡੀਗੜ੍ਹ ਰੋਡ ਨੂੰ ਪਾਰ ਕਰਦੇ ਹੋਏ ਗਲੀ ਸੁਰਿੰਦਰ ਸਿੰਘ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੁਘਰ ਤੀਕ;

ਉਕਤ ਗਲੀ ਨਾਲ ਚੱਲਦੇ ਹੋਏ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਲੁਧਿਆਣਾ ਚੰਡੀਗੜ੍ਹ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਗਲੀ ਦਸ਼ਮੇਸ਼ ਨਗਰ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰਮੇਲ ਸਿੰਘ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੰਨਰਾਇਜ ਕਲੋਨੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਨਗਰ ਪੰਚਾਇਤ ਦੀ ਉਤਰੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚੱਲਦੇ ਹੋਏ ਰਜਵਾਹਾ ਤੀਕ; ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰ: 02

ਰਜਵਾਹਾ ਰੋਡ ਅਤੇ ਗੋਦਾਮ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਗੁਦਾਮ ਰੋਡ ਨਾਲ ਚੱਲਦੇ ਹੋਏ ਗਲੀ ਗੁਰਸੇਵਕ ਸਿੰਘ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬਾਬਾ ਸੁਖਾ ਸਿੰਘ ਸਮਾਧ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਲਿੰਕ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੁਖਾ ਸਿੰਘ ਸਮਾਧ ਵਾਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਫਿਰਨੀ ਤੀਕ; ਉਕਤ ਫਿਰਨੀ ਨਾਲ ਚੱਲਦੇ ਹੋਏ ਗੋਦਾਮ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਅਨਾਜ ਮੰਡੀ ਦੀ ਦਿਵਾਰ ਤੀਕ; ਉਕਤ ਦਿਵਾਰ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਰਜਵਾਹਾ ਰੋਡ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ: 03 (ਇਸਤਰੀ ਮੈਂਬਰਾਂ ਲਈ ਰਾਖਵਾਂ)

ਰਜਵਾਹਾ ਰੋਡ ਅਤੇ ਗਲੀ ਪਰਾਇਮ ਸਿੱਟੀ ਕਲੋਨੀ ਗਲੀ ਦੇ ਮਿਲਣ ਦੇ ਸਥਾਨ ਤੋ ਆਰੰਭ ਕਰਦੇ ਹੋਏ ਗਲੀ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪਰਾਇਮ ਸਿੱਟੀ ਕਲੋਨੀ ਗਲੀ ਗੁਰਸੇਵਕ ਸਿੰਘ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਹਰਵਿੰਦਰ ਸਿੰਘ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੂਘਰ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਲਿੰਕ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਫਿਰਨੀ ਤੀਕ; ਉਕਤ ਫਿਰਨੀ ਨਾਲ ਚੱਲਦੇ ਹੋਏ ਅਕਾਲ ਅਕੈਡਮੀ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਮਗੱਰ ਸਿੰਘ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜਗਪਾਲ ਸਿੰਘ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੂ ਘਰ ਘਰ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਕਨਾਲ ਪੁਲੀ ਤੀਕ; ਉਕਤ ਪੁਲੀ ਨਾਲ ਚੱਦੇ ਹੋਏ ਰਜਵਾਹਾ ਰੋਡ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ: 04

ਗਲੀ ਹਰਵਿੰਦਰ ਸਿੰਘ ਤੇ ਗਲੀ ਗੁਰੂ ਘਰ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਪੁਰਾਣਾ ਬਜਾਰ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸਵਰਨਜੀਤ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬਾਬਾ ਸੁਖਾ ਸਿੰਘ ਸਮਾਧਾ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬਾਬਾ ਸੁਖਾ ਸਿੰਘ ਸਮਾਧਾ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਹਰਵਿੰਦਰ ਸਿੰਘ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ: 05 (ਇਸਤਰੀ ਮੈਂਬਰਾਂ ਲਈ ਰਾਖਵਾਂ)

ਕਨਾਲ ਪੁਲੀ ਅਤੇ ਨਗਰ ਪੰਚਾਇਤ ਦੀ ਉਤਰੀ ਹੱਦ ਦੇ ਮਿਲਣ ਦੇ ਅਸਧਾਨ ਤੋ ਆਰੰਭ ਕਰਦੇ ਹੋਏ ਉਤਰੀ ਹੱਦ ਨਾਲ ਆਰੰਭ ਕਰਦੇ ਹੋਏ ਨਗਰ ਪੰਚਾਇਤ ਦੀ ਪੂਰਵੀ ਹੱਦ ਤੀਕ; ਉਕਤ ਹੱਦ ਨਾਲ ਚੱਲਦੇ ਹੋਏ ਲੁਧਿਆਣਾ ਚੰਡੀਗੜ੍ਹ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਨਿਊ ਮਾਡਲ ਟਾਉਨ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਢਾਬਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਅਕਾਲ ਅਕੇਡਮੀ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਗਲੀ ਮਗਰ ਸਿੰਘ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜਗਪਾਲ ਸਿੰਘ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੂਘਰ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਅਵਤਾਰ ਸਿੰਘ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਕਨਾਲ ਪੁਲੀ ਤੀਕ; ਉਕਤ ਗਲੀ ਨਾਲ ਚਲਦੇ ਹੋਏ ਉਤਰੀ ਹੱਦ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ: 06 (ਅਨੁਸੂਚਿਤ ਜਾਤੀ ਦੇ ਮੈਂਬਰਾਂ ਲਈ ਰਾਖਵਾਂ)

ਬਾਬਾ ਸੁੱਖਾ ਸਿੰਘ ਸਮਾਧ ਅਤੇ ਗਲੀ ਸਵਰਨਜੀਤ ਸਿੰਘ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਗਲੀ ਸਵਰਨਜੀਤ ਸਿੰਘ ਨਾਲ ਚੱਲਦੇ ਹੋਏ ਗਲੀ ਗੁਰੂਘਰ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸਵਰਨ ਜੀਤ ਸਿੰਘ ਵਾਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸਰਕਾਰੀ ਸਕੂਲ ਵਾਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਫਿਰਨੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਫਿਰਨੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬਾਬਾ ਸੁੱਖਾ ਸਿੰਘ ਸਮਾਧ

ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ: 07 (ਅਨੁਸੂਚਿਤ ਜਾਤੀ ਦੇ ਇਸਤਰੀ ਮੈਂਬਰਾਂ ਲਈ ਰਾਖਵਾਂ)

ਲੁਧਿਆਣਾ ਚੰਡੀਗੜ੍ਹ ਰੋਡ ਅਤੇ ਰਜਵਾਹਾ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਦੇ ਹੋਏ ਰਜਵਾਹਾ ਰੋਡ ਨਾਲ ਚੱਲਦੇ ਹੋਏ ਗਲੀ ਦਵਿੰਦਰ ਥਾਪਰ ਵਾਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਅਨਾਜ ਮੰਡੀ ਦੀ ਦੀਵਾਰ ਤੀਕ; ਉਕਤ ਦਿਵਾਰ ਨਾਲ ਚੱਲਦੇ ਹੋਏ ਗੋਦਾਮ ਰੋਡ ਨੂੰ ਪਾਰ ਕਰਦੇ ਹੋਏ ਫਿਰਨੀ ਤੀਕ; ਉਕਤ ਫਿਰਨੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਰਕਾਰੀ ਸਕੂਲ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੂਘਰ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਢਾਬਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਗਲੀ ਨਿਊ ਮਾਡਲ ਟਾਉਨ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲੁਧਿਆਣਾ ਚੰਡੀਗੜ੍ਹ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਰਜਵਾਹਾ ਰੋਡ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰਬਰ 08 (ਅਨੁਸੂਚਿਤ ਜਾਤੀ ਦੇ ਮੈਂਬਰਾਂ ਲਈ ਰਾਖਵਾਂ)

ਗਲੀ ਹਰਪ੍ਰੀਤ ਜਨਰਲ ਸਟੋਰ ਅਤੇ ਲੁਧਿਆਣਾ ਚੰਡੀਗੜ੍ਹ ਰੋਡ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਦੇ ਹੋਏ ਲੁਧਿਆਣਾ ਚੰਡੀਗੜ੍ਹ ਰੋਡ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਪੂਰਵੀ ਹੱਦ ਤੀਕ; ਉਕਤ ਹੱਦ ਨਾਲ ਚੱਲਦੇ ਹੋਏ ਦੱਖਣੀ ਹੱਦ ਤੀਕ; ਉਕਤ ਹੱਦ ਨਾਲ ਚੱਲਦੇ ਹੋਏ ਬਿਲਾਸਪੁਰ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਵਿਜੈ ਕਲੋਨੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਹਰਪ੍ਰੀਤ ਜਨਰਲ ਸਟੋਰ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਲੁਧਿਆਣਾ ਚੰਡੀਗੜ੍ਹ ਰੋਡ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ: 09 (ਇਸਤਰੀ ਮੈਂਬਰਾ ਲਈ ਰਾਖਵਾਂ)

ਲੁਧਿਆਣਾ–ਚੰਡੀਗੜ੍ਹ ਰੋਡ ਅਤੇ ਗਲੀ ਹਰਪ੍ਰੀਤ ਜਨਰਲ ਸਟੋਰ ਦੇ ਸਥਾਨ ਤੋਂ ਆਰੰਭ ਕਰਕੇ ਗਲੀ ਹਰਪ੍ਰੀਤ ਜਨਰਲ ਸਟੋਰ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਫਿਰ ਉਕਤ ਲਿੰਕ ਗਲੀ ਨਾਲ ਚੱਲਦੇ ਹੋਏ ਗਲੀ ਵਿਜੈ ਵਾਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਰਜਵਾਹਾ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਲੁਧਿਆਣਾ ਚੰਡੀਗੜ੍ਹ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਹਰਪ੍ਰੀਤ ਜਨਰਲ ਸਟੋਰ ਵਾਲੀ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰਬਰ 10 (ਅਨੁਸੂਚਿਤ ਜਾਤੀ ਦੀਆਂ ਇਸਤਰੀ ਮੈਂਬਰਾਂ ਲਈ ਰਾਖਵਾਂ)

ਰਜਵਾਹਾ ਰੋਡ ਅਤੇ ਗਲੀ ਵਕੀਲ ਰਮਨਦੀਪ ਸਿੰਘ ਵਾਲੀ ਦੇ ਮਿਲਣ ਦੇ ਅਸਥਾਨ ਤੋਂ ਆਰੰਭ ਕਰਕੇ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਵਿਜੈ ਕਲੋਨੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਬਿਲਾਸਪੁਰ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਦੱਖਣੀ ਹੱਦ ਤੀਕ; ਉਕਤ ਹੱਦ ਨਾਲ ਚੱਲਦੇ ਹੋਏ ਰਜਵਾਹਾ ਰੋਡ (ਖਮਾਣੋ ਖੰਨਾ ਰੋਡ) ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ: 11

ਨਗਰ ਪੰਚਾਇਤ ਦੀ ਉਤਰੀ ਹੱਦ ਅਤੇ ਗੱਲੀ ਗੁਰੂ ਕਾ ਬਾਗ ਦੇ ਮਿਲਣ ਦੇ ਅਸਥਾਨ ਤੋਂ ਆਰੰਭ ਕਰਦੇ ਹੋਸਏ ਗੁਰੂਕਾ ਬਾਗ ਤੋਂ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸਲੀਮ ਇੰਜੀਨਿਆਰ ਵਰਕਸ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰਬਚਨ ਸਿੰਘ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਬੰਦ ਗਲੀ ਵਿਸ਼ਕਰਮਾ ਭਵਨ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਬੰਦ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਲੁਧਿਆਣਾ ਚੰਡੀਗੜ੍ਹ ਰੋਡ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਵਾਰਡ ਨੰ 13 ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਵਾਰਡ ਨੰ 11 ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੂਘਰ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਵਾਡਰ ਨੰ 13 ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਸੋਹਣ ਸਿੰਘ ਵਾਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਸੁਰਿੰਦਰ ਸਿੰਘ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਰਜਵਾਹੇ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਦੱਖਣੀ ਹੱਦ ਤੀਕ; ਉਕਤ ਹੱਦ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਪਛਮੀ ਹੱਦ ਤੀਕ; ਉਕਤ ਹੱਦ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਉੱਤਰੀ ਹੱਦ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ: 12 (ਪਛੱੜੀਆਂ ਸ਼ੇਣੀਆਂ ਰਾਖਵਾ)

ਨਗਰ ਪੰਚਾਇਤ ਦੀ ਉਤਰੀ ਹੱਦ ਅਤੇ ਮੰਸੂਰਪੁਰ ਰੋਡ ਦੇ ਮਿਲਣ ਦੇ ਅਸਥਾਨ ਤੋਂ ਆਰੰਭ ਕਰਕੇ ਮੰਸੂਰਪੁਰ ਰੋਡ ਨਾਲ ਚੱਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਾਲਵਾ ਸਵੀਟ ਤੀਕ; ਉਕਤ ਗਲੀ ਮਾਲਵਾ ਸਵੀਟ ਨਾਲ ਚੱਲਦੇ

ਹੋਏ ਗਲੀ ਲੁਧਿਆਣਾ ਚੰਡੀਗੜ੍ਹ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਗਲੀ ਵਿਸ਼ਵਕਰਮਾ ਭਵਨ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰਬਚਨ ਸਿੰਘ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਸਲੀਮ ਇੰਜੀਨੀਅਰਿੰਗ ਵਰਕਸ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਲਿੰਕ ਗਲੀ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੂ ਕਾ ਬਾਗ ਤੀਕ; ਗਲੀ ਗੁਰੂ ਕਾ ਬਾਗ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਉੱਤਰੀ ਹੱਦ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ: 13

ਨਗਰ ਪੰਚਾਇਤ ਦੀ ਉੱਤਰੀ ਹੱਦ ਅਤੇ ਗਲੀ ਸਨਰਾਈਜ ਕਲੋਨੀ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਗਲੀ ਸਨਰਾਈਜ ਕਲੋਨੀ ਨਾਲ ਚੱਲਦੇ ਹੋਏ ਗਲੀ ਗੁਰਮੇਲ ਸਿੰਘ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਦਸਮੇਸ਼ ਨਗਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਲੁਧਿਆਣਾ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਮਾਲਵਾ ਸਵੀਟਸ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਲਿੰਗ ਗਲੀ ਮਨਸੂਰ ਰੋਡ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਮਨਸੂਰ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਉੱਤਰੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚੱਲਦੇ ਹੋਏ ਗਲੀ ਸਨਰਾਈਜ ਕਲੋਨੀ ਵਾਲੀ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਸਹੀ/-

ਮਨਜੀਤ ਸਿੰਘ ਬਰਾੜ, ਆਈ.ਏ.ਐਸ,

ਸਕੱਤਰ, ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

ਮਿਤੀ 31 ਦਸੰਬਰ, 2025

3598/12-2025/Pb. Govt. Press, S.A.S. Nagar